City of Mississauga
300 City Centre Drive
Mississauga, ON L5B 3C1

MISSISSAUGA

News Release

mississauga.ca facebook.com/citymississauga twitter.com/citymississauga

# Mississauga ਦੇ ਪ੍ਰਸਤਾਵਿਤ 2026 ਬਜਟ ਬਾਰੇ ਆਪਣੀ ਰਾਏ ਸਾਂਝੀ ਕਰੋ - ਜੋ ਉਦੇਸ਼ਪੂਰਣ ਢੰਗ ਨਾਲ ਮੁੱਲ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ

Mississauga ਆਪਣੀ ਬਜਟ ਪ੍ਰਕਿਰਿਆ ਦੀ ਸ਼ੁਰੂਆਤ ਆਪਣੇ ਪ੍ਰਸਤਾਵਿਤ 2026–2029 ਬਿਜਨੇਸ ਪਲਾਨ (2026–2029 Business Plan) ਅਤੇ 2026 ਬਜਟ ਪੇਸ਼ ਕਰਨ ਨਾਲ ਕਰਦਾ ਹੈ ਅਤੇ ਜਨਤਾ ਨੂੰ ਫੀਡਬੈਕ ਦੇਣ ਲਈ ਸੱਦਾ ਦਿੰਦਾ ਹੈ।

6 ਜਨਵਰੀ, 2026

200 ਤੋਂ ਵੱਧ ਸੇਵਾਵਾਂ ਅਤੇ ਪ੍ਰੋਗਰਾਮ, ਜਿਨ੍ਹਾਂ 'ਤੇ ਵਸਨੀਕ ਹਰ ਰੋਜ਼ ਨਿਰਭਰ ਕਰਦੇ ਹਨ – ਟ੍ਰਾਂਜ਼ਿਟ ਅਤੇ ਲਾਇਬ੍ਰੇਰੀਆਂ ਤੋਂ ਲੈ ਕੇ ਬਰਫ਼ ਹਟਾਉਣ ਅਤੇ ਪਾਰਕਾਂ ਤੱਕ – ਸਭ ਸ਼ਹਿਰ ਦੇ ਬਜਟ ਅਤੇ ਪ੍ਰਾਪਰਟੀ ਟੈਕਸਾਂ ਦੁਆਰਾ ਸੰਭਵ ਹੁੰਦੇ ਹਨ। Mississauga ਸ਼ਹਿਰ ਦਾ ਪ੍ਰਸਤਾਵਿਤ 2026-2029 ਬਿਜਨੇਸ ਪਲਾਨ ਅਤੇ 2026 ਬਜਟ ਦਸਤਾਵੇਜ਼, ਹੁਣ ਜਨਤਕ ਸਮੀਖਿਆ ਅਤੇ ਟਿੱਪਣੀਆਂ ਲਈ, mississauga.ca/budget 'ਤੇ ਔਨਲਾਈਨ ਉਪਲਬਧ ਹੈ।

ਪ੍ਰਸਤਾਵਿਤ 2026-2029 ਬਿਜਨੇਸ ਪਲਾਨ (Business Plan) ਅਤੇ 2026 ਬਜਟ ਦਸਤਾਵੇਜ਼, ਉਹਨਾਂ ਵਾਸਤੇ ਟੈਕਸ ਦੇ ਪ੍ਰਭਾਵ ਨੂੰ ਘਟਾਉਣ ਲਈ ਬੱਚਤ ਅਤੇ ਕਾਰਗੁਜ਼ਾਰੀਆਂ ਨੂੰ ਵੱਧ ਤੋਂ ਵੱਧ ਕਰਨ 'ਤੇ ਵਧੇਰੇ ਧਿਆਨ ਕੇਂਦਰਿਤ ਕਰਕੇ, ਰਹਿਣ-ਸਹਿਣ ਦੀ ਵਧਦੀ ਲਾਗਤ ਬਾਰੇ ਟੈਕਸਦਾਤਾਵਾਂ ਦੀਆਂ ਚਿੰਤਾਵਾਂ ਦਾ ਜਵਾਬ ਦਿੰਦਾ ਹੈ। ਖਰਚਿਆਂ ਨੂੰ ਟਾਲਣ, ਬਜਟਾਂ ਵਿੱਚ ਕਟੌਤੀ ਕਰਨ ਅਤੇ ਆਮਦਨ ਵਧਾਉਣ ਵਰਗੀਆਂ ਰਣਨੀਤੀਆਂ ਦੀ ਵਰਤੋਂ ਕਰਕੇ, ਸਟਾਫ਼ 17.4 ਮਿਲੀਅਨ ਡਾਲਰ ਦੀ ਬਜਟ ਰਾਹੀਂ ਕੀਤੀ ਗਈ ਬੱਚਤ ਦੀ ਪਛਾਣ ਕਰਨ ਵਿੱਚ ਕਾਮਯਾਬ ਰਿਹਾ। ਇਸ ਨਾਲ 2026 ਦੇ ਬਜਟ ਵਿੱਚ ਕੁੱਲ 2.33 ਪ੍ਰਤੀਸ਼ਤ ਦੇ ਵਾਧੇ ਦੀ ਭਰਪਾਈ ਕਰਨ ਵਿੱਚ ਮਦਦ ਮਿਲੀ।

ਪ੍ਰਸਤਾਵਿਤ 2026 ਬਜਟ ਦੇ ਹਿੱਸੇ ਵਜੋਂ, ਪੂੰਜੀ ਬੁਨਿਆਦੀ ਢਾਂਚਾ ਅਤੇ ਕਰਜ਼ਾ ਅਦਾਇਗੀ ਲੈਵੀ (Capital Infrastructure & Debt Repayment Levy) ਨੂੰ ਇੱਕ ਸਾਲ ਲਈ ਤਿੰਨ ਤੋਂ ਇੱਕ ਪ੍ਰਤੀਸ਼ਤ ਤੱਕ ਘਟਾਉਣ ਦਾ ਪ੍ਰਸਤਾਵ ਦਿੱਤਾ ਗਿਆ ਹੈ, ਜਦਕਿ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਮੁਰੰਮਤ ਕੀਤੀ ਜਾਵੇ। ਸਟਾਫ਼ ਪਬਲਿਕ ਸੇਫਟੀ ਫਾਇਰ ਪ੍ਰੋਗਰਾਮ (Public Safety Fire Program) ਦੀ ਇੱਕ ਪ੍ਰਤੀਸ਼ਤ ਲੈਵੀ 'ਤੇ ਵੀ ਇੱਕ ਸਾਲ ਲਈ ਰੋਕ ਲਗਾਉਣ ਦਾ ਪ੍ਰਸਤਾਵ ਪੇਸ਼ ਕਰ ਰਿਹਾ ਹੈ।

ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ, ਸ਼ਹਿਰ ਦਾ ਸਟਾਫ 2026 ਲਈ ਅਨੁਮਾਨਿਤ ਬਜਟ ਵਾਧੇ ਨੂੰ ਘਟਾਉਣ ਵਿੱਚ ਕਾਮਯਾਬ ਰਿਹਾ ਹੈ। ਜੇਕਰ ਇਸਨੂੰ ਅਪਣਾਇਆ ਜਾਂਦਾ ਹੈ, ਤਾਂ ਸ਼ਹਿਰ ਦੇ ਟੈਕਸ ਵਾਧੇ ਦਾ ਹਿੱਸਾ 1.61 ਪ੍ਰਤੀਸ਼ਤ ਹੋਵੇਗਾ। ਜਦੋਂ ਇਸਨੂੰ ਰੀਜਨ ਆਫ ਪੀਲ (Region of Peel) ਦੇ ਟੈਕਸ ਬਿੱਲ ਦੇ 3.60 ਪ੍ਰਤੀਸ਼ਤ ਹਿੱਸੇ ਨਾਲ ਜੋੜਿਆ ਜਾਂਦਾ ਹੈ, ਤਾਂ 2026 ਲਈ ਕੁੱਲ ਪ੍ਰਾਪਰਟੀ ਟੈਕਸ ਵਾਧਾ 5.21 ਪ੍ਰਤੀਸ਼ਤ ਕਰਨ ਦਾ ਪ੍ਰਸਤਾਵ ਹੈ, ਜੋ 2025 ਦੇ ਵਾਧੇ ਨਾਲੋਂ ਚਾਰ ਪ੍ਰਤੀਸ਼ਤ ਘੱਟ ਹੈ।

City of Mississauga
300 City Centre Drive
Mississauga, ON L5B 3C1

News Release



## ਬਜਟ ਕਿਵੇਂ ਤਿਆਰ ਕੀਤਾ ਜਾਂਦਾ ਹੈ

Mississauga ਤਿੰਨ ਯੋਜਨਾ ਦ੍ਰਿਸ਼ਟੀਕੋਣਾਂ ਰਾਹੀਂ ਗਤੀਵਿਧੀਆਂ ਅਤੇ ਪ੍ਰੋਗਰਾਮਾਂ ਲਈ ਯੋਜਨਾਬੰਦੀ ਅਤੇ ਬਜਟ ਤਿਆਰ ਕਰਦਾ ਹੈ: ਮੌਜੂਦਾ ਬਜਟ ਸਾਲ, ਇਸ ਮਾਮਲੇ ਵਿੱਚ 2026; ਤਿੰਨ-ਸਾਲਾ ਸੰਚਾਲਨ ਦਾ ਪੂਰਵ-ਅਨੁਮਾਨ, 2027-2029; ਅਤੇ 10-ਸਾਲਾ ਪੂੰਜੀ ਯੋਜਨਾ, 2026-2035. ਇਹ ਬਹੁ-ਸਾਲਾ ਦ੍ਰਿਸ਼ਟੀਕੋਣ ਸ਼ਹਿਰ ਨੂੰ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਵਾਤਾਵਰਣ ਸਬੰਧੀ ਹਾਲਾਤਾਂ 'ਤੇ ਪ੍ਰਤੀਕਿਰਿਆ ਕਰਨ ਦੀ ਆਗਿਆ ਦਿੰਦਾ ਹੈ। ਸਾਰੇ ਦ੍ਰਿਸ਼ਟੀਕੋਣਾਂ ਰਾਹੀਂ ਪ੍ਰਭਾਵਸ਼ਾਲੀ ਯੋਜਨਾਬੰਦੀ ਇਹ ਯਕੀਨੀ ਬਣਾਉਂਦੀ ਹੈ ਕਿ ਸ਼ਹਿਰ:

- ਟੈਕਸ ਦੇ ਪੈਸਿਆਂ ਦਾ ਵਧੀਆ ਮੁੱਲ ਪ੍ਰਦਾਨ ਕਰਦਾ ਹੈ, ਜਿਸ ਵਿੱਚ ਲਗਾਤਾਰ ਸੁਧਾਰ 'ਤੇ ਧਿਆਨ ਕੇਂਦਰਿਤ ਹੁੰਦਾ ਹੈ
- ਵਿੱਤੀ ਤੌਰ 'ਤੇ ਜਵਾਬਦੇਹ ਹੈ; ਸਰੋਤਾਂ ਦਾ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਦਾ ਹੈ
- ਜੀਵਨ ਦੀ ਗੁਣਵੱਤਾ ਨੂੰ ਵਧਾਉਣ ਲਈ ਭਵਿੱਖ ਵਿੱਚ ਨਿਵੇਸ਼ ਕਰਦਾ ਹੈ, ਜਿਸਦਾ ਅੱਜ ਵਸਨੀਕ ਅਨੰਦ ਮਾਣਦੇ ਹਨ

ਸਾਲ ਭਰ ਵਿੱਚ ਪ੍ਰਾਪਤ ਹੋਈ ਜਨਤਕ ਰਾਏ, ਅਤੇ ਹਾਲ ਹੀ ਵਿੱਚ ਵਾਰਡ ਟਾਊਨ ਹਾਲਾਂ ਵਿੱਚ ਲਈ ਗਈ ਰਾਏ ਵੀ, ਸ਼ਹਿਰ ਦੇ ਬਜਟ ਵਿੱਚ ਤਰਜੀਹਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ।

## 2026 ਦਾ ਬਜਟ ਉਦੇਸ਼ਪੂਰਣ ਤਰੀਕੇ ਨਾਲ ਮੁੱਲ ਪ੍ਰਦਾਨ ਕਰਦਾ ਹੈ

ਇਕੱਠੇ ਕੀਤੇ ਗਏ ਹਰ ਪ੍ਰਾਪਰਟੀ ਟੈਕਸ ਡਾਲਰ ਵਿੱਚੋਂ, ਸ਼ਹਿਰ ਆਪਣੇ ਕੋਲ ਸਿਰਫ਼ 37 ਸੈਂਟ ਰੱਖਦਾ ਹੈ, ਜਦਕਿ 48 ਸੈਂਟ ਪੁਲਿਸ ਅਤੇ ਹੋਰ ਖਰਚਿਆਂ ਲਈ ਰੀਜਨ ਆਫ ਪੀਲ ਨੂੰ ਜਾਂਦੇ ਹਨ, ਅਤੇ 15 ਸੈਂਟ ਸਿੱਖਿਆ ਲਈ ਓਨਟੈਰੀਓ ਸਰਕਾਰ ਨੂੰ ਜਾਂਦੇ ਹਨ।

ਸ਼ਹਿਰ ਦੇ 37 ਸੈਂਟ ਦੀ ਵਰਤੋਂ ਉੱਚ-ਗੁਣਵੱਤਾ ਵਾਲੇ ਪ੍ਰੋਗਰਾਮਾਂ, ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ, ਜਿਹਨਾਂ ਵਿੱਚ ਸ਼ਾਮਲ ਹਨ:

- ਪਾਰਕਲੈਂਡ ਅਤੇ ਹਾਈਬ੍ਰਿਡ ਬੱਸਾਂ ਦੀ ਖਰੀਦ (78 ਬੱਸਾਂ ਦੀ ਯੋਜਨਾ ਬਣਾਈ ਗਈ ਹੈ)
- ਸਾਊਥ ਕੌਮਨ ਕਮਿਊਨਿਟੀ ਸੈਂਟਰ (South Common Community Centre) ਅਤੇ ਲਾਇਬ੍ਰੇਰੀ ਦੇ ਨਵੀਨੀਕਰਨ ਲਈ ਚੱਲ ਰਹੀ ਉਸਾਰੀ, ਜੋ ਨਵਾਂ ਐਕੁਵਾਟਿਕਸ ਸੈਂਟਰ, ਨਵਾਂ ਜਿਮਨੇਜ਼ੀਅਮ ਅਤੇ ਇੱਕ ਅੱਪਡੇਟ ਕੀਤੀ ਲਾਇਬ੍ਰੇਰੀ ਵਰਗੀਆਂ ਨਵੀਆਂ ਸਹੂਲਤਾਂ ਦੇ ਨਾਲ 2027 ਦੇ ਅੰਤ ਤੱਕ ਦੁਬਾਰਾ ਖੁੱਲ੍ਹਣ ਦੀ ਉਮੀਦ ਹੈ
- ਸ਼ਹਿਰ ਭਰ ਵਿੱਚ ਸੜਕਾਂ ਦੀ ਮੁਰੰਮਤ ਅਤੇ ਨਾਈਨਥ ਲਾਈਨ (Ninth Line) ਚੌੜੀ ਕਰਨ ਦਾ ਪ੍ਰੋਜੈਕਟ
- ਨਵੇਂ ਫਾਇਰ ਸਟੇਸ਼ਨਾਂ 127 (ਲੌਰਨ ਪਾਰਕ) (Lorne Park) ਅਤੇ 128 (ਨੌਰਥ ਲੇਕਵਿਊ) (North Lakeview) ਦਾ ਡਿਜ਼ਾਈਨ, ਦੋਵਾਂ ਦਾ 2029 ਵਿੱਚ ਖੁੱਲ੍ਹਣ ਦਾ ਟੀਚਾ ਹੈ
- ਨਵੇਂ ਗਲੇਨਫੋਰੈਸਟ ਯੂਥ ਹੱਬ (Glenforest Youth Hub) ਦਾ ਨਿਰਮਾਣ, ਜਿਸਦਾ 2027 ਦੀ ਤੀਜੀ ਤਿਮਾਹੀ ਵਿੱਚ ਖੁੱਲ੍ਹਣ ਦਾ ਟੀਚਾ ਹੈ

- ਹਰ ਉਮਰ ਅਤੇ ਯੋਗਤਾਵਾਂ ਵਾਲੇ ਵਿਅਕਤੀਆਂ ਲਈ ਮਨੋਰੰਜਨ ਪ੍ਰੋਗਰਾਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ
- 65 ਸਾਲ ਤੋਂ ਵੱਧ ਉਮਰ ਦੇ ਵਸਨੀਕਾਂ ਲਈ ਮੁਫ਼ਤ ਫਿਟਨੈਸ ਮੈਂਬਰਸ਼ਿਪ ਅਤੇ PRESTO ਦੀ ਵਰਤੋਂ ਕਰਨ ਵਾਲੇ ਸੀਨੀਅਰਾਂ ਅਤੇ 12 ਸਾਲ ਤੱਕ ਦੇ ਬੱਚਿਆਂ ਲਈ ਮੁਫ਼ਤ ਕਿਰਾਇਆ
- ਫਾਇਰ ਅਤੇ ਐਮਰਜੈਂਸੀ ਸੇਵਾਵਾਂ, ਜਿਸ ਵਿੱਚ ਅੱਗ ਦੀ ਰੋਕਥਾਮ ਅਤੇ ਸਿੱਖਿਆ ਪ੍ਰੋਗਰਾਮ ਸ਼ਾਮਲ ਹਨ
- ਵਧਾਇਆ ਹੋਇਆ ਸਰਦੀ ਦਾ ਰੱਖ-ਰਖਾਅ, ਜਿਸ ਵਿੱਚ ਸ਼ਹਿਰ ਭਰ ਵਿੱਚ ਵਿੰਡਰੋ ਅਤੇ ਸਾਈਡਵਾਕ ਸਾਫ਼ ਕਰਨਾ ਸ਼ਾਮਿਲ ਹੈ
- ਸੜਕਾਂ, ਪੁਲਾਂ, ਪਾਰਕਾਂ, ਸਟੌਰਮਵਾਟਰ ਪ੍ਰਣਾਲੀਆਂ ਅਤੇ ਟ੍ਰੇਲਾਂ 'ਤੇ ਮਹੱਤਵਪੂਰਨ ਰੱਖ-ਰਖਾਅ ਕੰਮ
- ਹੜ੍ਹ ਦੀ ਰੋਕਥਾਮ ਅਤੇ ਰਾਹਤ ਸਹਾਇਤਾ, ਟ੍ਰਾਂਜ਼ਿਟ ਵਿੱਚ ਵਧੇਰੇ ਬਾਲਣ-ਕੁਸ਼ਲ ਅਤੇ ਊਰਜਾ-ਬਚਤ ਹੱਲ

ਵਧੇਰੇ ਵੇਰਵਿਆਂ ਲਈ ਪ੍ਰਸਤਾਵਿਤ 2026 ਬਜਟ ਦਸਤਾਵੇਜ਼ ਵਿੱਚ ਬਜਟ ਝਲਕੀਆਂ (Budget Highlights) ਵਾਲੇ ਪੰਨੇ ਦੀ ਸਮੀਖਿਆ ਕਰੋ।

## ਆਪਣੀ ਰਾਏ ਦਿਓ

ਬਜਟ ਸਾਡੇ ਸ਼ਹਿਰ ਨੂੰ ਬਿਹਤਰ ਬਣਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਇਸ ਲਈ ਇਹ ਮਹੱਤਵਪੂਰਨ ਹੈ ਕਿ ਵਸਨੀਕ, ਕਾਰੋਬਾਰ ਅਤੇ ਕਮਿਊਨਿਟੀ ਗਰੁੱਪ ਇਸਨੂੰ ਪੜ੍ਹਨ ਅਤੇ ਸਮਝਣ ਲਈ ਸਮਾਂ ਕੱਢਣ। ਪੂਰਾ ਫੀਡਬੈਕ ਸ਼ਹਿਰ ਨੂੰ ਹੇਠ ਲਿਖੇ ਤਰੀਕਿਆਂ ਨਾਲ ਦਿੱਤਾ ਜਾ ਸਕਦਾ ਹੈ:

- ਸਿੱਧੇ ਤੌਰ 'ਤੇ: ਸਵਾਲ ਪੁੱਛਣ ਜਾਂ ਟਿੱਪਣੀਆਂ ਦੇਣ ਲਈ ਬਜਟ ਕਮੇਟੀ (Budget Committee) ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਵੋ। ਕਿਸੇ ਵੀ ਬਜਟ ਕਮੇਟੀ ਦੀ ਮੀਟਿੰਗ ਵਿੱਚ ਬੋਲਣ ਲਈ ਪਹਿਲਾਂ ਤੋਂ ਰਜਿਸਟਰ ਕਰੋ (Register) , ਜੋ ਕਿ Mississauga ਸਿਟੀ ਹਾਲ – ਕਾਉਂਸਿਲ ਚੈਂਬਰ, ਦੂਜੀ ਮੰਜ਼ਿਲ, 300 ਸਿਟੀ ਸੈਂਟਰ ਡ੍ਰਾਈਵ (Mississauga City Hall – Council Chambers, second floor, 300 City Centre Dr.) ਵਿਖੇ ਹੋਣਗੀਆਂ:
  - ਸੋਮਵਾਰ, 12 ਜਨਵਰੀ ਨੂੰ ਸਵੇਰੇ 9:30 ਵਜੇ।
  - ਮੰਗਲਵਾਰ, 13 ਜਨਵਰੀ ਨੂੰ ਸਵੇਰੇ 9:30 ਵਜੇ ਅਤੇ ਸ਼ਾਮ 6 ਵਜੇ।
  - ਸੋਮਵਾਰ, 19 ਜਨਵਰੀ ਅਤੇ ਮੰਗਲਵਾਰ, 20 ਜਨਵਰੀ (ਜੇ ਲੋੜੀਂਦਾ ਹੋਵੇ) ਨੂੰ ਸਵੇਰੇ 9:30 ਵਜੇ।

- ਈਮੇਲ ਰਾਹੀਂ: ਬਜਟ ਬਾਰੇ ਆਪਣੀ ਰਾਏ ਸਿੱਧੇ ਮੇਅਰ (Mayor), ਵਾਰਡ ਕਾਉਂਸਲਰ (Ward Councillor) ਨੂੰ ਵੀ ਦਿੱਤੀ ਜਾ ਸਕਦੀ ਹੈ ਜਾਂ budget@mississauga.ca 'ਤੇ ਈਮੇਲ ਕੀਤੀ ਜਾ ਸਕਦੀ ਹੈ।

- ਫ਼ੋਨ ਰਾਹੀਂ: ਫ਼ੋਨ ਰਾਹੀਂ ਫੀਡਬੈਕ ਦੇਣ ਲਈ, 311 'ਤੇ ਫ਼ੋਨ ਕਰੋ ਜਾਂ ਮੇਅਰ (Mayor) ਜਾਂ ਆਪਣੇ ਵਾਰਡ ਕਾਉਂਸਲਰ (Ward Councillor) ਨਾਲ ਸੰਪਰਕ ਕਰੋ।

ਜਿਹੜੇ ਵਿਅਕਤੀ ਖੁਦ ਹਾਜ਼ਰ ਨਹੀਂ ਹੋ ਸਕਦੇ, ਉਨ੍ਹਾਂ ਲਈ ਬਜਟ ਕਮੇਟੀ ਦੀਆਂ ਮੀਟਿੰਗਾਂ ਦਾ ਸਿੱਧਾ ਪ੍ਰਸਾਰਣ (live streamed) ਵੀ ਕੀਤਾ ਜਾਵੇਗਾ।

## ਬਜਟ ਦੀ ਮਨਜ਼ੂਰੀ

ਬਜਟ ਕਮੇਟੀ ਦੀਆਂ ਮੀਟਿੰਗਾਂ ਵਿੱਚ ਚਰਚਾ ਤੋਂ ਬਾਅਦ, ਪ੍ਰਸਤਾਵਿਤ ਸੋਧਾਂ 'ਤੇ ਬੁੱਧਵਾਰ, 28 ਜਨਵਰੀ ਨੂੰ ਸਵੇਰੇ 9:30 ਵਜੇ ਕਾਉਂਸਿਲ ਦੀ ਮੀਟਿੰਗ ਵਿੱਚ ਚਰਚਾ ਕੀਤੀ ਜਾਵੇਗੀ।

## ਬਜਟ ਸਰੋਤ

ਬਜਟ ਬਾਰੇ ਜਾਣੂ ਹੋਣ ਲਈ ਇਹਨਾਂ ਸਰੋਤਾਂ ਦੀ ਵਰਤੋਂ ਕਰੋ। ਜਾਣੋ ਕਿ ਬਜਟ ਵਿੱਚ ਕੀ ਸ਼ਾਮਲ ਹੁੰਦਾ ਹੈ, ਸ਼ਹਿਰ ਦੇ ਕਿਹੜੇ ਬੁਨਿਆਦੀ ਢਾਂਚੇ ਸ਼ਾਮਲ ਹਨ, ਕਿੰਨਾ ਪ੍ਰਾਪਰਟੀ ਟੈਕਸ ਇਕੱਠਾ ਹੁੰਦਾ ਹੈ ਅਤੇ ਇਸਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ:

- ਤੁਹਾਡੇ 2025 ਦੇ ਟੈਕਸਾਂ ਨੂੰ ਸਮਝਣਾ (Understanding your 2025 taxes)
- ਸ਼ਹਿਰ ਦਾ ਬਜਟ ਕਿਵੇਂ ਕੰਮ ਕਰਦਾ ਹੈ (How the City budget works)
- ਸ਼ਹਿਰ ਪੈਸਾ ਕਿਵੇਂ ਪ੍ਰਾਪਤ ਕਰਦਾ ਹੈ (How the City gets money)
- ਸ਼ਹਿਰ ਪੈਸਾ ਕਿਵੇਂ ਖਰਚ ਕਰਦਾ ਹੈ (How the City spends money)
- ਕਿਹੜਾ ਬੁਨਿਆਦੀ ਢਾਂਚਾ ਸ਼ਹਿਰ ਦੀ ਮਲਕੀਅਤ ਅਤੇ ਰੱਖ-ਰਖਾਅ ਵਾਲਾ ਹੈ (What infrastructure is owned and maintained by the City)
- ਬੁਨਿਆਦੀ ਢਾਂਚਾ ਕਿਉਂ ਮਾਇਨੇ ਰੱਖਦਾ ਹੈ (Why infrastructure matters)
- ਟੈਕਸਾਂ ਬਾਰੇ ਜਾਣਨ ਵਾਲੀਆਂ ਮਹੱਤਵਪੂਰਨ ਗੱਲਾਂ (What's important to know about taxes)

ਵਧੇਰੇ ਜਾਣਕਾਰੀ, mississauga.ca/budget 'ਤੇ ਪ੍ਰਾਪਤ ਕਰੋ।

## ਹਵਾਲੇ

"Mississauga ਦਾ 2026 ਦਾ ਬਜਟ ਲਾਗਤਾਂ ਵਿੱਚ ਬਚਤ ਕਰਨ, ਉੱਚ-ਗੁਣਵੱਤਾ ਵਾਲੇ ਅਜਿਹੇ ਪ੍ਰੋਗਰਾਮ ਪ੍ਰਦਾਨ ਕਰਨ ਦੇ ਸਾਡੇ ਯਤਨਾਂ ਵਿੱਚ ਟੈਕਸਦਾਤਾਵਾਂ ਨੂੰ ਕੇਂਦਰ ਵਿੱਚ ਰੱਖਦਾ ਹੈ, ਜਿਨ੍ਹਾਂ 'ਤੇ ਸਾਡੇ ਨਿਵਾਸੀ ਨਿਰਭਰ ਕਰਦੇ ਹਨ, ਅਤੇ ਇਸ ਮੁਸ਼ਕਲ ਆਰਥਿਕ ਸਮੇਂ ਵਿੱਚ ਟੈਕਸਦਾਤਾਵਾਂ ਨੂੰ ਰਾਹਤ ਦੇਣ ਦੇ ਮਕਸਦ ਨਾਲ, ਥੋੜ੍ਹੇ ਸਮੇਂ ਲਈ ਗੈਰ-ਜ਼ਰੂਰੀ ਨਿਵੇਸ਼ਾਂ ਨੂੰ ਬੰਦ ਕਰਦਾ ਹੈ। ਕਿਉਂਕਿ ਅਸੀਂ

ਉਹ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਦੇ ਹਾਂ, ਜਿਨ੍ਹਾਂ ਦੀ ਸਾਡੇ ਨਿਵਾਸੀ ਉਮੀਦ ਕਰਦੇ ਹਨ, ਸਿਟੀ ਕਾਉਂਸਿਲ ਹਰ ਸੰਭਵ ਤਰੀਕੇ ਨਾਲ ਹਰੇਕ ਡਾਲਰ ਬਚਾਉਣ ਅਤੇ ਖਰਚਿਆਂ ਸਬੰਧੀ ਠੋਸ ਫੈਸਲੇ ਲੈਣ ਲਈ ਵਚਨਬੱਧ ਹੈ। ਇਹ ਨਵਾਂ ਬਜਟ - ਸਾਡੇ 2026–2029 ਬਿਜਨੇਸ ਪਲਾਨ ਦੇ ਲੰਬੇ-ਸਮੇਂ ਦੇ ਦ੍ਰਿਸ਼ਟੀਕੋਣ ਦੇ ਨਾਲ – ਸਾਡੀ ਕਮਿਊਨਿਟੀ ਦੇ ਭਵਿੱਖੀ ਵਿਕਾਸ ਅਤੇ ਲੋੜਾਂ ਨੂੰ ਪੂਰਾ ਕਰਦਾ ਹੈ।"
– ਮੇਅਰ ਕੈਰੋਲਿਨ ਪੈਰਿਸ਼ (Carolyn Parrish)

-30-

**ਮੀਡੀਆ ਸੰਪਰਕ:**

Mississauga ਸ਼ਹਿਰ ਮੀਡੀਆ ਰਿਲੇਸ਼ਨਸ

media@mississauga.ca
905-615-3200, ਐਕਸਟੈਨਸ਼ਨ 5232

TTY: 905-896-5151